# ਨੁਕ਼ਤੇ ਵਿਚ ਗੱਲ ਮੁੱਕਦੀ ਏ

ਜ਼ੁਬੈਰ ਅਹਿਮਦ



ਕਿਤਾਬ ਤ੍ਰਿੰਞਣ. ਮੁੱਲ 125 ਰੁਪਏ. ਲਹੌਰ. 2007.
ਮੁੱਖ ਚਿੱਤਰ: ਨਜਮ ਹੁਸੈਨ ਸੱਯਦ ਤੇ ਹੁਮਾ ਸਫ਼ਦਰ. kitab.trinjan@gmail.com

ਅਮਰਜੀਤ ਚੰਦਨ ਦੀ ਕੋਮਲ ਲੇਖਾਂ ਦੀ ਕਿਤਾਬ **ਨੁਕ਼ਤਾ** ਸ਼ਾਹਮੁਖੀ ਵਿਚ ਲਹੌਰੋਂ ਛਪੀ ਏ। ਏਸ ਤੋਂ ਪਹਿਲਾਂ ਸ਼ਾਇਰੀ ਦੀ ਚੋਣ **ਗੁੱਥਲੀ** 1999 ਵਿਚ ਤੇ **ਅਨਾਰਾਂ ਵਾਲਾ ਵਿਹੜਾ** 2004 ਵਿਚ ਲਹੌਰੋਂ ਹੀ ਛਪ ਚੁੱਕੀਆਂ ਨੇ। ਚੰਦਨ ਅੱਜ-ਕੱਲ੍ਹ ਲੰਦਨ ਰਹਿੰਦਾ ਏ ਤੇ ਚੜ੍ਹਦੇ ਪੰਜਾਬ ਦੇ ਉੱਘੇ ਲਿਖਾਰੀਆਂ ਵਿਚ ਗਿਣਿਆ ਜਾਂਦਾ ਏ। ਇਕ ਸੌ ਛਪਿੰਜਾ ਸਫ਼ਿਆਂ ਦੀ ਏਸ ਕਿਤਾਬ ਵਿਚ ਕੁਲ ਇੱਕੀ ਲੇਖ ਨੇ ਤੇ ਲੇਖਾਂ ਦੀ ਈਹਾ ਚੋਣ ਓਸ ਦੀਆਂ ਗੁਰਮੁਖੀ ਵਿਚ ਛਪੀਆਂ ਦੋ ਕਿਤਾਬਾਂ **ਫੈਜ਼ਸੂਫੀਆਂ** (ਨਵਯੁਗ 1991) ਤੇ **ਨਿਸ਼ਾਨੀ** (ਨਵਯੁਗ 2000) ਤੋਂ ਕੀਤੀ ਗਈ ਏ।

ਅਮਰਜੀਤ ਚੰਦਨ ਦਾ ਜਨਮ ਨੈਰੋਬੀ 1946 ਕੀਨੀਆ ਦਾ ਏ। ਸੰਨ 80 ਵਿਚ ਲੰਦਨ ਜਾਣ ਤੋਂ ਪਹਿਲਾਂ ਇਹਨੇ ਸੱਤਰਾਂ ਦੇ ਦਹਾਕੇ ਵਿਚ ਨਕਸਲਬਾੜੀ ਲਹਿਰ ਵਿਚ ਕੈਦ ਵੀ ਕੱਟੀ ਸੀ ਤੇ ਏਸ ਲਹਿਰ ਦੇ ਸੁਲੇਖ ਪਰਚੇ **ਦਸਤਾਵੇਜ਼** ਤੇ ਸ਼ਾਇਰੀ ਦੀ ਚੋਣ **ਮਿੱਟੀ ਦਾ ਰੰਗ** ਤੇ ਹੋਰ ਕਈ ਕਿਤਾਬਾਂ ਜੋੜੀਆਂ।

ਕਿਤਾਬ ਦੇ ਮੁੱਖਬੰਦ ਵਿਚ ਮਸ਼ਹੂਰ ਵਾਰਕਾਰ (ਤਵਾਰੀਖ਼ਕਾਰ) ਭਗਵਾਨ ਸਿੰਘ ਜੋਸ਼ ਨੇ ਤੇ ਮਹਾਨ ਲਿਖਾਰੀ ਅਤਰ ਸਿੰਘ ਨੇ ਕੁੱਝ ਗੱਲਾਂ ਕੀਤੀਆਂ ਨੇ।

ਚੰਦਨ ਇਨ੍ਹਾਂ ਲੇਖਾਂ ਨੂੰ 'ਕੋਮਲ ਲੇਖ' ਦਾ ਨਾਂ ਦਿੰਦਾ ਏ ਤੇ ਏਸ ਦਾ ਅੰਗਰੇਜ਼ੀ ਤਰਜਮਾ 'ਲਾਈਟ ਐੱਸੇ' ਕਹਿ ਕੇ ਕਰਦਾ ਏ। ਚੜ੍ਹਦੇ ਪੰਜਾਬ ਦਾ ਤਾਂ ਮੈਨੂੰ ਬਹੁਤਾ ਪਤਾ ਨਹੀਂ, ਪਰ ਸਾਡੇ ਲਹਿੰਦੇ ਪੰਜਾਬ ਵਿਚ ਇੰਜ ਦੇ ਲੇਖ ਕਿਸੇ ਨਹੀਂ ਲਿਖੇ। ਕੰਵਲ ਮੁਸ਼ਤਾਕ ਦੀ ਸੋਧੀ ਕਿਤਾਬ **ਚੋਣਵੇਂ ਇਨਸ਼ਾਈਏ** ਕਈ ਵਰ੍ਹੇ ਪਹਿਲਾਂ ਲਹੌਰ ਵਾਲ਼ੇ ਪੰਜਾਬੀ ਅਦਬੀ ਬੋਰਡ ਨੇ ਛਾਪੀ ਸੀ, ਪਰ ਉਹ ਤਾਂ ਉਰਦੂ ਦੀ ਸਿਨਫ਼ ਦਾ ਉੱਕਾ ਉਤਾਰਾ ਸੀ। ਨਾਲ਼ੇ ਇਨਸ਼ਾਈਆ ਤਾਂ ਸਾਡਾ ਲਫ਼ਜ਼ ਈ ਨਹੀਂ; ਜਿਵੇਂ ਗ਼ਜ਼ਲ ਲਿਖਣਾ ਹੋਇਆ; ਜਿਹੜੀ ਪੰਜਾਬੀ ਰੀਤ ਵਿੱਚੋਂ ਲੰਘ ਕੇ ਨਹੀਂ ਆਈ। ਇਕ ਕਿਤਾਬ **ਚੋਭੜਾਂ** ਦਾ ਖ਼ਿਆਲ ਵੀ ਆਉਂਦਾ ਏ, ਜਿਹੜੀ ਗੁੱਜਰਾਂਵਾਲੇ ਦੇ ਅਲੀ ਅਰਸ਼ਦ ਲਿਖੀ ਸੀ; ਪਰ ਉਹ ਵੀ ਬੁਹਤੀ ਹਾਸੇ-ਠੱਠੇ ਦੇ ਮੁਹਾਂਦਰੇ ਦੇ ਨੇੜੇ ਜਾਪਦੀ ਏ। ਅਸਲੋਂ ਸਾਡੇ ਨਸਰ ਲਿਖੀ ਈ ਘੱਟ ਗਈ ਏ। ਅਸੀਂ ਆਸਿਫ਼ ਖ਼ਾਨ ਤੇ ਸ਼ਰੀਫ਼ ਸਾਬਰ ਨੂੰ ਪਰਖਕਾਰ ਵੀ ਆਖ ਦੇਨੇ ਆਂ, ਜਦ ਕਿ ਉਹ ਖੋਜਕਾਰ ਨੇ। ਪਰਖਕਾਰ ਅਸੀਂ ਨਜਮ ਹੁਸੈਨ ਸੱਯਦ ਤੇ ਸ਼ਰੀਫ਼ ਕੁੰਜਾਹੀ ਨੂੰ ਆਖ ਸਕਦੇ ਆਂ।

ਭਗਵਾਨ ਸਿੰਘ ਜੋਸ਼ ਨੇ ਚੰਦਨ ਦੇ ਇਨ੍ਹਾਂ ਕੋਮਲ-ਲੇਖਾਂ ਨੂੰ ਲਿਖਣ ਦਾ ਨਵਾਂ ਤਜਰਬਾ ਆਖਿਆ ਏ ਤੇ ਨਾਲ਼ੇ ਈਹਾ ਵੀ ਪਈ ਏਸ ਤਰ੍ਹਾਂ ਦੀਆਂ ਲਿਖਤਾਂ ਫ਼ਰਾਂਸੀਸੀ ਵਿਚ ਰੋਲਾਂ ਬਾਰਤ ਤੇ ਅੰਗਰੇਜ਼ੀ ਵਿਚ ਜੌਨ੍ਹ ਬਰਜਰ ਨੇ ਲਿਖੀਆਂ। ਪ੍ਰੋਫ਼ੈਸਰ ਅਤਰ ਸਿੰਘ ਨੇ ਲਿਖਿਆ ਏ:

> "ਏਹਦਾ (ਚੰਦਨ ਦਾ) ਸਾਹਿਤਕ ਕਲਚਰ ਬਹੁਤ ਅਮੀਰ ਹੈ। ਇਹ ਨਵੀਂ ਭਾਸ਼ਾ ਵੀ ਸਿਰਜਦਾ ਹੈ। ਇਹ ਵਿਚ-ਵਿਚ ਪਿੱਛੇ ਵੀ ਤੁਰਦਾ ਹੈ ਤੇ ਸਮੇਂ ਦੇ ਨਾਲ਼ ਵੀ। ਇਹਦੇ ਵਿਸ਼ੇ ਆਮ-ਜਿਹੇ ਹਨ, ਪਰ ਇਹਦੀਆਂ ਗੱਲਾਂ ਵਿਸ਼ੇਸ਼ ਹਨ। ਇਹ ਆਮ ਗੱਲ ਨੂੰ ਵਿਸ਼ੇਸ਼ ਬਣਾ ਦਿੰਦਾ ਹੈ। ਇਹ ਸਿਰਜਕ ਹੈ ਤੇ ਵਿਦਵਾਨ ਵੀ। ਚੰਦਨ ਅਜੇਹੀ ਗੱਦ ਰਚ ਰਿਹਾ ਹੈ, ਜਿਸ ਦੀਆਂ ਖ਼ੂਬੀਆਂ ਦਾ ਹਾਲੇ ਪੰਜਾਬੀ ਪਾਠਕਾਂ ਨੂੰ ਅਹਿਸਾਸ ਨਹੀਂ ਹੋਇਆ।"

ਕੋਮਲ-ਲੇਖਾਂ ਦੀ ਏਸ ਕਿਤਾਬ ਵਿਚ ਵੰਨ-ਸੁਵੰਨੇ ਲੇਖ ਹਨ। ਪਰ ਸਾਰੇ ਲੇਖਾਂ ਵਿਚ ਜਿਹੜੀ ਗੱਲ ਸਾਂਝੀ ਏ, ਉਹ ਹੈ ਪੰਜਾਬ ਤੇ ਪੰਜਾਬ ਦੀ ਬੋਲੀ। ਉੱਚੇਚੇ ਪੱਖੋਂ ਵੀਹਵੀਂ ਸਦੀ ਦਾ ਪੰਜਾਬ, ਜਿਸ ਵਿਚ ਦੋ ਗੱਲਾਂ ਬੜੀਆਂ ਭਰਪੂਰ ਨੇ – ਇਕ ਪੰਜਾਬੀਆਂ ਦਾ ਅਪਣੀ ਧਰਤੀ ਤੋਂ ਵਿਛੋੜਾ ਤੇ ਚੋਖੀ ਗਿਣਤੀ ਵਿਚ ਪੰਜਾਬੀਆਂ ਦਾ ਅੰਗਰੇਜ਼ੀ ਫ਼ੌਜ ਵਿਚ ਭਰਤੀ ਹੋਣਾ ਤੇ ਨਾਲ਼ੇ ਪੰਜਾਬੀਆਂ ਦੇ ਉਨ੍ਹੀਵੀਂ ਸਦੀ ਦੇ ਅਖ਼ੀਰ ਤੋਂ ਰੋਟੀ-ਟੁੱਕਰ ਤੇ ਚੰਗੀ ਹਯਾਤੀ ਦੀ ਭਾਲ ਵਿਚ ਪਰਦੇਸੀ ਹੋਣਾ ਤੇ ਦੂਜੀ ਵੱਡੀ ਵਾਪਰੀ ਪੰਜਾਬ ਦੀ ਵੰਡ। ਚੰਦਨ ਕਿਉਂ ਜੋ ਆਪੂੰ ਵੀ ਪਰਦੇਸ ਦਾ ਡੰਗਿਆ ਹੋਇਆ ਏ, ਏਸ ਲਈ ਓਸ ਈਹਾ ਕਹਾਣੀ ਮੁੜ-ਮੁੜ ਕੀਤੀ ਏ ਤੇ ਕਈ ਰੰਗਾਂ ਵਿਚ ਕੀਤੀ ਏ। ਬੇਵਤਨੀ, ਵਿਛੋੜੇ ਦਾ ਸਾਕਾ, ਯਾਦਾਂ ਦੀ ਮਾਲ਼ਾ ਤੇ ਫ਼ਰੇਮ ਕੀਤਾ ਵਕਤ ਲੇਖਾਂ ਵਿਚ ਈਹਾ ਗੱਲ ਵੱਖਰੇ ਢੰਗਾਂ ਨਾਲ਼ ਕੀਤੀ ਗਈ ਏ।

ਚੰਦਨ ਅਪਣੇ ਆਪ ਨੂੰ ਜੌਨ੍ਹ ਬਰਜਰ ਦਾ ਮੁਰੀਦ ਦਸਦਾ ਏ ਤੇ ਸਾਨੂੰ ਸਾਰਿਆਂ ਨੂੰ ਸੂਹ ਏ ਪਈ ਬਰਜਰ ਸਾਡੇ ਵੇਲੇ ਦਾ ਮਹਾਨ ਸੂਝਵਾਨ ਏ ਤੇ ਜਿਸ ਦੀ ਕਿਤਾਬ 'ਵੇਖਣ ਦੇ ਢੰਗ' Ways of Seeing ਨਵੀਂ ਪੜ੍ਹਾਈ ਤੇ ਸੁਰਤ ਵਿਚ ਹਮੇਸ਼ ਹਾਜ਼ਿਰ ਰਹੀ ਏ। ਬਰਜਰ ਨੇ ਮੂਰਤ ਨੂੰ ਪੜ੍ਹਨ ਦੇ ਢੰਗ ਦੱਸੇ ਨੇ ਤੇ ਮੁੜ ਇਨ੍ਹਾਂ ਮੂਰਤਾਂ ਪਿੱਛੇ ਚਲਦੀ ਕਹਾਣੀ ਵੀ ਕੀਤੀ ਏ। ਅੱਖਾਂ ਤਾਂ ਰੱਬ ਨੇ ਸਭ ਨੂੰ ਦਿੱਤੀਆਂ ਨੇ, ਪਰ ਅਸਲ ਨੂੰ ਕਿਵੇਂ ਵੇਖਣਾ ਏ ਤੇ ਕਿੰਜ ਏਸ ਦੀ ਸਿਆਣ ਕਰਨੀ ਏ? ਕੀਹ ਵੇਖਣਾ ਤੇ ਕੀਹ ਨਹੀਂ ਵੇਖਣਾ ਏ? ਅਸੀਂ ਉਹ ਵੇਖਨੇ ਆਂ, ਜੋ ਅਸੀਂ ਵੇਖਣ ਗਿੱਝੇ ਹੋਏ ਆਂ; ਜੋ ਸਾਡੀ ਅੱਖ ਸਾਨੂੰ ਵਿਖਾਂਦੀ ਏ ਤੇ ਈਹਾ ਅੱਖ ਕੋਈ ਨਿਰੋਲ ਨਹੀਂ ਹੁੰਦੀ। ਈਹਾ ਬਣੀ ਹੁੰਦੀ ਏ; ਵਿਹਾਰ ਪਾਰੋਂ, ਉਹਦੀ ਘੜੀ ਤੇ ਉਹਦੀ ਬਣਾਈ ਸਵਾਰੀ। ਈਹਾ ਨਿਰਪੱਖ ਵੀ ਨਹੀਂ ਹੁੰਦੀ ਤੇ ਸਾਨੂੰ ਉਹੋ ਵਿਖਾਂਦੀ ਏ, ਜੋ ਸਾਨੂੰ ਵੇਖਣ ਦਾ ਹੁਕਮ ਏ; ਜੋ ਸਾਨੂੰ ਮਦਰੱਸੇ ਤੇ ਯੂਨੀਵਰਸਟੀਆਂ ਪੜ੍ਹਾਂਦੀਆਂ ਨੇ। ਜਿਵੇਂ ਸਾਡੀ ਸਿਖਲਾਈ ਹੁੰਦੀ ਏ। ਪਰ ਪੁਆੜਾ ਈਹਾ ਈ ਪਈ ਈਹਾ ਵੇਖਣ ਸਾਨੂੰ ਭੁਲੇਖੇ ਪਾਈ ਰਖਦਾ ਏ ਤੇ ਅਸਲ ਦਾ ਭਰਮ ਬਣਾਈ ਰਖਦਾ ਏ।

ਚੰਦਨ ਨੇ ਸਾਨੂੰ ਉਹ ਅੱਖ ਵਿਖਾਈ, ਜੋ ਇਨ੍ਹਾਂ ਭਰਮਾਂ ਤੇ ਭੁਲੇਖਿਆਂ ਤੋਂ ਬਾਹਰ ਏ। ਮੂਰਤ ਨੂੰ ਪੜ੍ਹਨ ਤੇ ਵੇਖਣ ਦਾ ਢੰਗ ਬਰਜਰ ਤੋਂ ਲੈ ਕੇ ਓਸ ਨੇ ਅਪਣੀ ਲੋਕਾਈ ਲਈ ਵਰਤਿਆ ਏ। ਚੰਦਨ ਦਾ ਕਮਾਲ ਈਹਾ ਵੇ ਪਈ ਓਸ ਏਸ ਸੁਰਤ ਤੇ ਪੜ੍ਹਾਈ ਨੂੰ ਪੰਜਾਬ ਦੇ ਨਾਵੇਂ ਲਾਇਆ ਏ ਤੇ ਏਸ ਰਾਹੀਂ ਪੰਜਾਬੀਆਂ ਦੀਆਂ ਚਿੱਤਰੀਆਂ ਮੂਰਤਾਂ ਤੇ ਕੱਢੀਆਂ ਤਸਵੀਰਾਂ ਪਿੱਛੇ ਅਚੇਤ ਵਗਦੇ ਵਿਛੋੜੇ ਦੇ ਦੁਖਾਂਤ ਨੂੰ ਵੀ ਪੜ੍ਹਿਆ ਏ।

ਬਹੂੰ ਸੋਹਣੇ ਚੱਜ ਦਾ ਲਿਖਿਆ ਲੇਖ 'ਵਿਛੋੜੇ ਦਾ ਸਾਕਾ' ਏ। ਵਿਛੋੜੇ ਦਾ ਸਾਕਾ ਪ੍ਰਾਣ ਨਾਥ ਮਾਗੋ ਦੇ ਚਿੱਤਰ 'ਵਿਦਾ' ਬਾਰੇ ਲਿਖਿਆ ਲੇਖ ਏ:

> "ਇਹ ਤਸਵੀਰ ਗੁੱਜਰਖ਼ਾਨ ਰੇਲਵੇ ਸਟੇਸ਼ਨ ਦੀ ਹੈ। ਦੂਜੀ ਵੱਡੀ ਜੰਗ ਦਾ ਵੇਲਾ ਹੈ ਤੇ ਫ਼ੌਜੀ ਲਾਮ 'ਤੇ ਚੱਲੇ ਹਨ। ਇਹ ਸਾਡੇ ਇਤਿਹਾਸ ਵਿਚ ਪਿਆ ਚਿੱਬ ਹੈ, ਜਿਸ ਨਾਲ਼ ਲੋਕ ਗੀਤ ਭਰੇ ਪਏ ਹਨ। ਇਹ ਤਸਵੀਰ ਮੈਂ ਜਦ ਪਟਿਆਲੇ ਯੂਨੀਵਰਸਟੀ ਵਿਚ ਸੰਨ 1968 ਵਿਚ ਵੇਖੀ ਸੀ, ਤਾਂ ਮੇਰੀਆਂ ਅੱਖਾਂ ਭਰ ਆਈਆਂ ਸਨ। ਏਨੇ ਸਾਲਾਂ ਮਗਰੋਂ ਮੈਂ ਇਹਦੀ ਗੱਲ ਕਰ ਕੇ ਦਿਲ ਦਾ ਭਾਰ ਹੌਲ਼ਾ ਕਰਨ ਲੱਗਾ ਹਾਂ।...ਇਹ ਤਸਵੀਰ ਲਾਮ ਤੇ ਚਲੇ ਫ਼ੌਜੀ ਦੀ ਹੀ ਤਸਵੀਰ ਨਹੀਂ, ਇਹ ਪਰਦੇਸੀਂ ਕਮਾਈ ਕਰਨ ਗਏ ਹਰ ਪੰਜਾਬੀ ਦੀ ਤਸਵੀਰ ਹੈ। ਇਹ ਅਟੱਲ ਹੋਣੀ ਦੀ ਤਸਵੀਰ ਹੈ। ਇਹ ਜਗ ਰੇਲ ਦਾ ਟੇਸ਼ਣ ਹੈ ਤੇ ਗੱਡੀ ਮੌਤ ਦਾ ਵਾਹਨ।"

ਕੁਝ ਲੇਖ ਇਜੇਹੇ ਨੇ, ਜਿਹੜੇ ਨਿਰੇ ਮੂਰਤਾਂ ਨੂੰ ਮੁੱਖ ਬਣਾ ਕੇ ਲਿਖੇ ਗਏ ਨੇ। ਜਿਵੇਂ ਭਗਤ ਸਿੰਘ ਦੀ ਤਸਵੀਰ, ਪ੍ਰੇਮ ਕੇਲਾ ਤੇ ਗੋਰਕੀ ਦੀ ਕਾਲ ਕੋਠਰੀ। ਆਖਣ ਨੂੰ ਤਾਂ ਇਹ ਤਸਵੀਰਾਂ ਬਾਰੇ ਲੇਖ ਨੇ, ਪਰ ਚੰਦਨ ਇਨ੍ਹਾਂ ਮੂਰਤਾਂ ਦਾ ਵੇਰਵਾ ਕਰਦਾ ਕੁੱਲ ਹਕੀਕਤ ਬਿਆਨ ਕਰ ਜਾਂਦਾ ਏ। ਭਗਤ ਸਿੰਘ ਦੀਆਂ ਤਸਵੀਰਾਂ ਦੀ ਗੱਲ ਕਰਦਿਆਂ ਚੰਦਨ ਭਗਤ ਸਿੰਘ ਦੀ ਕਹਾਣੀ ਵੀ ਕਰੀ ਜਾਂਦਾ ਏ ਤੇ ਅਪਣੇ ਵਿਚਾਰ ਵੀ ਦੇਈ ਜਾਂਦਾ ਏ। ਸਗੋਂ ਇਨ੍ਹਾਂ ਤਸਵੀਰਾਂ ਰਾਹੀਂ ਉਹ ਅਣਡਿਠ ਦੀ ਕਹਾਣੀ ਵੀ ਕਰਦਾ ਏ; ਜੋ ਅੱਖੋਂ ਪਰੋਖੇ ਹੈ, ਪਰ ਇਤਹਾਸ ਵਿਚ ਲੁਕੀ ਹੋਈ ਏ। ਉਹ ਅਣਡਿਠ ਜੋ ਹੈ ਤਾਂ ਏ, ਪਰ ਜਿਸਦਾ ਸਾਨੂੰ ਕਦੀ ਖ਼ਿਆਲ ਨਹੀਂ ਆਇਆ। ਇਨ੍ਹਾਂ ਮੂਰਤਾਂ ਰਾਹੀਂ ਚੰਦਨ ਉਹ ਵੀ ਪੜ੍ਹਦਾ ਏ, ਜੋ ਭਗਤ ਸਿੰਘ ਦੇ ਚਿੱਤ ਵਿਚ ਹੋਣਾ ਏ। ਉਹ ਵੀ ਪੜ੍ਹਦਾ ਏ, ਜੋ ਭਗਤ ਸਿੰਘ ਦਾ ਅਚੇਤ ਮਨ ਸੋਚਦਾ ਹੋਵੇਗਾ।

ਕੁਝ ਲੇਖ ਲਿਖਣ ਬਾਰੇ ਵੀ ਨੇ ਜਾਂ ਸਾਹਿਤ ਬਾਰੇ। ਕਿਤਾਬ ਦਾ ਸਭ ਤੋਂ ਪਹਿਲਾ ਲੇਖ 'ਰੁੱਤ ਲੇਖਾ' ਨਜਮ ਹੁਸੈਨ ਸਯੱਦ ਦੀ ਕਿਸੇ ਨਜ਼ਮ ਬਾਰੇ ਏ। ਸ਼ਾਇਰ ਦੀ ਕੱਤੇਂ ਦੀ ਰੁੱਤ ਬਾਰੇ ਲਿਖੀ ਏਸ ਨਜ਼ਮ ਬਾਰੇ ਲੇਖ ਦਾ ਲੇਖਾ ਚੰਦਨ ਨੇ ਰੂਹ ਦੇ ਨਿੱਘ ਨਾਲ ਉਲੀਕਿਆ ਏ। ਈਹਾ ਸਾਹ ਰੋਕ ਕੇ ਪੜ੍ਹਨ ਵਾਲੀ ਕਵਿਤਾ ਏ। ਏਸ ਨਜ਼ਮ ਨੂੰ ਚੰਦਨ ਨੇ ਅਪਣੇ ਨਿਜੀ ਜਿਉਣ ਨਾਲ ਵੀ ਜੋੜਿਆ ਤੇ ਓਸ ਨੂੰ ਮਾਂ ਚੇਤੇ ਆਈ, ਓਸ ਮਿਥਿਹਾਸ ਨਾਲ਼ ਵੀ ਰਲ਼ਾਇਆ ਏ ਤੇ ਗੁਰੂਆਂ ਨਾਲ਼ ਵੀ ਤੇ ਸਾਡੇ ਆਮ ਜਿਉਣ ਨਾਲ਼ ਵੀ। ਈਹਾ ਲੇਖ ਕਈ ਪੱਧਰਾਂ ਉੱਤੇ ਚਲਦਾ ਸਾਡੀ ਹੋਂਦ ਅਣਹੋਂਦ, ਚਿੱਤ ਅਚੇਤ, ਸੁੱਖਸਾਂਦ ਤੇ ਦੁੱਖ ਵਿਛੋੜੇ ਦੀ ਗੱਲ ਕਰਦਾ, ਪੰਜਾਬ ਦੀ ਇਕ ਰੁੱਤ ਤੂੰ ਛੋਹੀ ਗੱਲ ਨੂੰ ਸਾਰੀਆਂ ਰੁੱਤਾਂ ਉੱਤੇ ਲਾਗੂ ਕਰ ਦੇਂਦਾ ਏ।

ਕਿਤਾਬ ਦਾ ਸਭ ਤੂੰ ਲੰਮਾ ਲੇਖ ਪਾਸ਼ ਬਾਰੇ ਏ। ਪਾਸ਼ ਹੁਣ ਚੜ੍ਹਦੇ ਪੰਜਾਬ ਵਿਚ ਉੱਕਾ ਓਪਰਾ ਨਹੀਂ ਰਹਿਆ। ਸੁਚੇਤ ਕਿਤਾਬ ਘਰ ਆਲੇਆਂ ਪਿੱਛੇ ਜੇਹੇ **ਪਾਸ਼ ਦਾ ਕੁੱਲ ਕਲਾਮ** ਛਾਪ ਕੇ ਸਾਨੂੰ ਪਾਸ਼ ਤੋਂ ਚੰਗਾ ਚੋਖਾ ਜਾਣੂੰ ਕਰਾ ਦਿੱਤਾ ਏ। ਚੰਦਨ ਪਾਸ਼ ਦਾ ਬੇਲੀ ਵੀ ਏ ਤੇ ਦੋਹਵਾਂ ਰਲ ਨਕਸਲੀ ਲਹਿਰ ਲਈ ਜਹਿਦ ਵੀ ਕੀਤਾ, ਏਸ ਲਈ ਈਹਾ ਲੇਖ ਸਾਨੂੰ ਪਾਸ਼ ਦੀ ਸ਼ਾਇਰੀ ਦੇ ਪੰਧ ਤੇ ਓਸ ਦੇ ਗੁਣ ਤੇ ਔਗੁਣ ਤੋਂ ਵੀ ਜਾਣੂੰ ਕਰੇਂਦਾ ਤੇ ਸ਼ਾਇਰੀ ਦੇ ਮੁੱਦੇ ਤੇ ਓਸ ਦੇ ਟੀਚਿਆਂ ਬਾਰੇ ਕਈ ਸਵਾਲ ਪਾਉਂਦਾ ਏ।

ਕੁਝ ਲੇਖ ਅਨਮੋਲ ਨੇ, ਜਿਵੇਂ ਸਾਈਕਲ ਚਲਾਉਂਦਿਆਂ ਤੇ ਰਾਜ ਕਪੂਰ ਬਾਰੇ ਲੇਖ। ਸਾਈਕਲ ਬਾਰੇ ਲੇਖ ਵਿਚ ਉਹਨੇ ਪੰਜਾਬ ਦੇ ਕਾਮਰੇਡਾਂ ਨੂੰ ਯਾਦ ਕੀਤਾ ਏ, ਜਿਨ੍ਹਾਂ ਦੀ ਪਹਿਚਾਣ ਸਾਈਕਲ ਸੀ ਅਤੇ ਫੇਰ ਕਿਵੇਂ ਖ਼ਾਲਿਸਤਾਨੀ ਮੋਟਰਸਾਈਕਲ ਆ ਗਿਆ।

ਚੰਦਨ ਅਸਲੋਂ ਮਾਰਕਸੀ ਏ, ਪਰ ਇਸ ਅਪਣੀ ਸੋਚ ਵਿਚ ਸਤਾਲਿਨਵਾਦੀਆਂ ਵਾਂਗ ਸੌੜ ਅਤੇ ਖਲੋਤ ਨਹੀਂ ਆਉਣ ਦਿੱਤੀ। ਸਗੋਂ ਇਹ ਸੌੜੀ ਵਿਚਾਰ-ਵਾਣੀ ਤੂੰ ਉਤਾਂਹ ਉੱਠ ਕੇ ਸ਼ੈਆਂ ਨੂੰ ਉਨ੍ਹਾਂ ਦੇ ਭਰਪੂਰ ਤੇ ਵਗਦੇ ਖਿਲਾਰ ਵਿਚ ਵੇਖਦਾ ਏ। ਕਈਆਂ ਨੂੰ ਖੌਰੇ ਦਿਸੇ ਪਈ ਇਹ ਅਪਣੇ ਪਿਛਲੇ ਵਿਚਾਰਾਂ ਨੂੰ ਰੱਦਦਾ ਪਿਆ ਏ, ਪਰ ਅਸਲੋਂ ਇੰਜ ਨਹੀਂ ਏ। ਕਿਰਤੀ ਲਖਿਆਰ ਵਾਂਗ ਇਹ ਸ਼ੈਵਾਂ ਨੂੰ ਨਿੱਤ ਉਨ੍ਹਾਂ ਦੇ ਨਵੇਂ ਰੰਗ ਵਿਚ ਤੱਕਦਾ ਏ ਤੇ ਏਸ ਤੱਕਣੀ ਵਿਚ ਉਹ ਆਪ ਵੀ ਨਵਾਂ ਹੁੰਦਾ ਏ ਤੇ ਪੜ੍ਹਨ ਵਾਲਿਆਂ ਨੂੰ ਵੀ ਨਵਾਂ ਕਰੀ ਆਉਂਦਾ ਏ।

ਚੰਦਨ ਦੀ ਈਹਾ ਕਿਤਾਬ, ਕਿਤਾਬ ਤ੍ਰਿੰਵਣ ਮੀਆਂ ਚੈਂਬਰਜ਼ 3 ਟੈਂਪਲ ਲਹੌਰ ਨੇ ਛਾਪੀ ਏ ਤੇ ਏਸ ਦਾ ਮੁੱਲ 125 ਰੁਪਏ ਏ। ਏਸ ਕਿਤਾਬ ਦਾ ਮੁੱਖ ਚਿੱਤਰ ਨਜਮ ਹੁਸੈਨ ਸੱਯਦ ਤੇ ਹੁਮਾ ਸਫ਼ਦਰ ਨੇ ਬਣਾਇਆ ਏ। ■

ਕਵੀ ਤੇ ਕਹਾਣੀਕਾਰ ਜ਼ੁਬੈਰ ਅਹਿਮਦ ਲਹੌਰ ਦੇ ਇਸਲਾਮੀਆ ਕੌਲਿਜ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੈ